**01-11-2014**

## ਆਪ ਬੀਤੀ ਜੱਗ ਬੀਤੀ

**ਲੇਖਕ : ਸ: ਆਤਮਾ ਸਿੰਘ**

**ਸੰਪਾਦਕ : ਸਾਧੂ ਸਿੰਘ ਢਿੱਲੋਂ**

**ਪ੍ਰਕਾਸ਼ਕ : ਨਿਊ ਬੁੱਕ ਕੰਪਨੀ, ਜਲੰਧਰ**

**ਮੁੱਲ : 200 ਰੁਪਏ, ਸਫ਼ੇ : 180.**




ਪੰਜਾਬ ਦੀ ਸਿੱਖ ਰਾਜਨੀਤੀ ਦੇ ਮਹਾਨ ਜਰਨੈਲ ਸਾਬਕਾ ਕੈਬਨਿਟ ਮੰਤਰੀ ਸਰਦਾਰ ਆਤਮਾ ਸਿੰਘ (1912-1997) ਦੀ ਇਹ ਸਵੈ-ਜੀਵਨੀ, 20ਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬ ਦਾ ਇਕ ਅਹਿਮ ਦਸਤਾਵੇਜ਼ ਹੈ। ਇਹ ਪੁਸਤਕ ਪੰਜਾਬ ਦੀ ਰਾਜਨੀਤੀ ਨਾਲ ਸਬੰਧਤ ਉਨ੍ਹਾਂ ਸਾਰੇ ਮਹੱਤਵਪੂਰਨ ਵੇਰਵਿਆਂ ਦਾ ਉਲੇਖ ਕਰਦੀ ਹੈ, ਜੋ ਸਿੱਖ ਸਿਆਸਤ ਦੀ ਪੇਸ਼ਕਾਰੀ ਕਰਦੇ ਹਨ। ਸਰਦਾਰ ਆਤਮਾ ਸਿੰਘ ਬਚਪਨ ਤੋਂ ਹੀ ਇਕ ਬੁੱਧੀਮਾਨ, ਮਿਹਨਤੀ ਅਤੇ ਨਿਸ਼ਠਾਵਾਨ ਵਿਅਕਤੀ ਸੀ। ਜੀਵਨ ਵਿਚ ਆਉਣ ਵਾਲੀ ਹਰ ਚੁਣੌਤੀ ਨੂੰ ਉਹ ਖਿੜੇ ਮੱਥੇ ਕਬੂਲ ਕਰਦਾ ਸੀ। ਉਸ ਦੀ ਗੁਰੂ-ਘਰ ਅਤੇ ਗੁਰਬਾਣੀ ਵਿਚ ਅਪਾਰ ਸ਼ਰਧਾ ਸੀ। ਅਜੋਕੇ ਭ੍ਰਿਸ਼ਟ ਰਾਜਨੀਤੀਵਾਨਾਂ ਅਤੇ ਉਨ੍ਹਾਂ ਦੇ ਪਿਛਲੱਗਾਂ ਲਈ ਆਤਮਾ ਸਿੰਘ ਦਾ ਸਵੱਛ ਜੀਵਨ ਇਕ ਰੌਸ਼ਨ ਚਿਰਾਗ਼ ਦੀ ਭੂਮਿਕਾ ਨਿਭਾਅ ਸਕਦਾ ਹੈ।

ਆਤਮਾ ਸਿੰਘ ਦਾ ਜਨਮ ਕਿਲ੍ਹਾ ਸ਼ਿਵਦੇਵ ਸਿੰਘ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਚ ਸ: ਝੰਡਾ ਸਿੰਘ ਅਤੇ ਮਾਤਾ ਭਾਗ ਕੌਰ ਦੇ ਗ੍ਰਹਿ ਵਿਖੇ 1912 ਈ: ਵਿਚ ਹੋਇਆ ਸੀ। ਉਸ ਨੇ ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਤੋਂ ਦਸਵੀਂ ਦੀ ਪ੍ਰੀਖਿਆ, ਸਕੂਲ ਵਿਚੋਂ ਅੱਵਲ ਰਹਿ ਕੇ ਪਾਸ ਕੀਤੀ ਅਤੇ ਉਸ ਦੀ ਅਸਾਧਾਰਨ ਕਾਬਲੀਅਤ ਨੂੰ ਮੁੱਖ ਰੱਖਦਿਆਂ ਸਕੂਲ ਦੇ ਪ੍ਰਬੰਧਕਾਂ ਨੇ ਮੈਟ੍ਰਿਕ ਕਰਦਿਆਂ ਸਾਰ ਉਸ ਨੂੰ ਆਪਣੇ ਸਕੂਲ ਵਿਚ ਅਧਿਆਪਕ ਰੱਖ ਲਿਆ। ਬਾਅਦ ਵਿਚ ਬੀ.ਏ. ਤੱਕ ਦੀ ਪੜ੍ਹਾਈ ਉਸ

ਨੇ ਪ੍ਰਾਈਵੇਟ ਵਿਦਿਆਰਥੀ ਦੇ ਤੌਰ 'ਤੇ ਕੀਤੀ। ਉਸ ਦੀ ਸ਼ਾਦੀ 1932 ਈ: ਵਿਚ ਸ੍ਰੀਮਤੀ ਤੇਜ ਕੌਰ ਨਾਲ ਹੋਈ। ਇਸ ਸ਼ਾਦੀ ਤੋਂ ਉਸ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ-ਬੀਬੀ ਸੁਰਜੀਤ ਕੌਰ ਅਤੇ ਬੀਬੀ ਉਪਿੰਦਰਜੀਤ ਕੌਰ, ਸਾਬਕਾ ਵਿੱਤ ਮੰਤਰੀ ਪੰਜਾਬ। ਸ: ਆਤਮਾ ਸਿੰਘ ਨੇ ਭਾਰਤ ਦੇ ਅਨੁਸੂਚਿਤ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਦੀ ਉਚੇਰੀ ਪੜ੍ਹਾਈ ਲਈ ਮੁੰਬਈ ਵਿਖੇ ਖਾਲਸਾ ਕਾਲਜ ਖੋਲ੍ਹਣ ਵਿਚ ਵੱਡਾ ਯੋਗਦਾਨ ਪਾਇਆ। ਸ: ਆਤਮਾ ਸਿੰਘ ਦਾ ਸਮੁੱਚਾ ਜੀਵਨ ਅਕਾਲੀ ਸਿਆਸਤ ਨੂੰ ਸਮਰਪਿਤ ਰਿਹਾ। ਦੇਸ਼-ਵੰਡ ਤੋਂ ਬਾਅਦ ਆਪ ਕਪੂਰਥਲੇ ਆ ਗਏ ਅਤੇ 1952 ਤੋਂ ਲੈ ਕੇ 1980 ਈ: ਤੱਕ ਲਗਾਤਾਰ ਸੁਲਤਾਨਪੁਰ ਲੋਧੀ ਹਲਕੇ ਦੀ ਪ੍ਰਤੀਨਿਧਤਾ ਕਰਦੇ ਰਹੇ। ਪੰਜਾਬੀ ਸੂਬੇ ਦੇ ਨਿਰਮਾਣ ਵਿਚ ਉਨ੍ਹਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਉਹ ਲਗਭਗ 30 ਵਰ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਰਹੇ। ਪੰਜਾਬ ਅਤੇ ਪੰਜਾਬੀਆਂ ਦੀਆਂ ਵੱਖ-ਵੱਖ ਸਮੱਸਿਆਵਾਂ ਦੇ ਨਿਵਾਰਨ ਲਈ ਉਨ੍ਹਾਂ ਨੇ ਪੰਦਰਾਂ ਸਾਲ ਤੋਂ ਵੀ ਬਹੁਤਾ ਸਮਾਂ ਜੇਲ੍ਹਾਂ ਵਿਚ ਗੁਜ਼ਾਰਿਆ। ਉਹ ਪੰਥ ਰਤਨ ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਸੋਚ ਉੱਪਰ ਪਹਿਰਾ ਦੇਣ ਵਾਲੇ ਇਕ ਸਿਦਕੀ ਅਤੇ ਨਿਰਸਵਾਰਥੀ ਜਰਨੈਲ ਸਨ। ਅਨੇਕ ਵਰ੍ਹੇ ਵਜ਼ੀਰ ਰਹਿਣ ਦੇ ਬਾਵਜੂਦ ਉਨ੍ਹਾਂ ਦਾ ਜੀਵਨ ਬੜਾ ਸਾਦਾ ਰਿਹਾ। ਉਨ੍ਹਾਂ ਵਰਗੇ ਰਾਜਸੀ ਨੇਤਾ ਅੱਜ ਕਿੱਥੇ ਲੱਭਦੇ ਹਨ? ਇਹ ਪੁਸਤਕ ਇਕ ਆਦਰਸ਼ਕ ਨੇਤਾ ਦੇ ਜੀਵਨ ਉੱਪਰ ਬੜੇ ਸੁਚੱਜੇ ਢੰਗ ਨਾਲ ਪ੍ਰਕਾਸ਼ ਪਾਉਂਦੀ ਹੈ।

ਇਸ ਰਚਨਾ ਦੇ ਸੰਪਾਦਕ ਸ: ਸਾਧੂ ਸਿੰਘ ਢਿੱਲੋਂ ਦਾ ਧੰਨਵਾਦ ਕਰਨਾ ਬਣਦਾ ਹੈ, ਜਿਸ ਦੀ ਮਿਹਨਤ ਦੇ ਸਦਕਾ ਇਹ ਪੁਸਤਕ ਪ੍ਰਕਾਸ਼ਿਤ ਹੋ ਸਕੀ। ਪੁਸਤਕ ਵਿਚ ਦਿੱਤੀਆਂ ਗਈਆਂ ਤਸਵੀਰਾਂ ਇਸ ਦੇ ਮਹੱਤਵ ਵਿਚ ਹੋਰ ਵੀ ਵਾਧਾ ਕਰਦੀਆਂ ਹਨ।

**-ਪ੍ਰੋ: ਬ੍ਰਹਮਜਗਦੀਸ਼ ਸਿੰਘ**

**ਮੋ: 98760-52136**

# ਚੇਤੇ ਰੱਖਣ ਯੋਗ ਸੀ ਬਾਊ ਆਤਮਾ ਸਿੰਘ



**ਬ਼ਾਬੇ ਨਾਨਕ ਦੀ ਜਨਮ ਭੂਮੀ ਸ਼ੇਖ਼ੂਪੁਰੇ ਦੇ ਇਲਾਕੇ ਦਾ ਜੰਮਪਲ ਹੈ ਆਤਮਾ ਸਿੰਘ। ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ 'ਚੋਂ ਫਸਟ ਆ ਕੇ ਉਸ ਨੇ ਮੈਟ੍ਰਿਕ ਕੀਤੀ ਤੇ ਉਥੇ ਹੀ ਕਲਰਕ ਕਮ ਅਧਿਆਪਕ ਲਗ ਗਿਆ। 1937 'ਚ ਬੀ. ਆਰ. ਅੰਬੇਡਕਰ ਖਾਲਸਾ ਕਾਲਜ ਸਥਾਪਤ ਕਰਨ ਦਾ ਫ਼ੈਸਲਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਨੇ ਇਹ ਜ਼ਿੰਮੇਵਾਰੀ ਗੁਰਦੁਆਰਾ ਨਨਕਾਣਾ ਸਾਹਿਬ ਦੇ ਮੈਨੇਜਰ ਨਰੈਣ ਸਿੰਘ ਤੇ ਆਤਮਾ ਸਿੰਘ ਨੂੰ ਸੌਂਪੀ।**

ਡਾ. ਕੁਲਦੀਪ ਸਿੰਘ ਦੀਪ

**ਕੁਝ ਦਿਨ** ਪਹਿਲਾਂ ਹੀ ਪ੍ਰਿੰਸੀਪਲ ਰੰਧਾਵਾ ਦੇ ਸੱਦੇ 'ਤੇ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਜਾਣ ਦਾ ਮੌਕਾ ਮਿਲਿਆ। ਇਸ ਇਲਾਕੇ ਨਾਲ ਜੁੜੀਆਂ ਮੇਰੇ ਬਚਪਨ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਹੜ੍ਹਾਂ ਪਿਛੋਂ ਅਸੀਂ ਪਿੰਡ ਛੱਡ ਕੇ ਨਾਭੇ ਆ ਗਏ ਸਾਂ। ਬਚਪਨ ਦੇ ਉਨ੍ਹਾਂ ਦਿਨਾਂ ਦੇ ਸਾਥੀ ਮਿੱਤਰ ਪਿਆਰਿਆਂ ਦੀਆਂ ਯਾਦਾਂ ਜਦੋਂ ਆਉਂਦੀਆਂ ਹਨ ਤਾਂ ਬਸ ਆਈ ਜਾਂਦੀਆਂ ਹਨ। ਉਨ੍ਹਾਂ ਦਿਨਾਂ ਦੇ ਆਪਣੇ ਸਾਥੀ ਸਤਵੰਤ ਸਿੰਘ ਨਾਲ ਕਪੂਰਥਲਿਓਂ ਪਿੰਡ ਜਾ ਕੇ ਮੈਂ ਸਾਰੀਆਂ ਗਲੀਆਂ ਫਿਰ ਆਇਆ। ਇਸ ਵਾਰ ਮੈਂ ਸਿਧਾ ਸੁਲਤਾਨਪੁਰ ਲੋਧੀ ਦੇ ਉਸ ਕਾਲਜ ਵਿਚ ਸਾਂ, ਜਿਸ ਦੀ ਗੱਲ ਆਤਮਾ ਸਿੰਘ ਤੇ ਉਹਦੇ ਪਰਿਵਾਰ ਨੂੰ ਚੇਤੇ ਕੀਤੇ ਬਿਨਾਂ ਕਰਨੀ ਅਸੰਭਵ ਹੈ।

ਗੱਲਾਂ ਭਾਵੇਂ ਇਸ ਕਾਲਜ ਦੀਆਂ ਹੋਣ ਭਾਵੇਂ ਨਨਕਾਣਾ ਸਾਹਿਬ ਬੰਬਈ ਕਾਲਜ ਜਾਂ ਅਕਾਲੀ ਸਿਆਸਤਦਾਨ ਦੀਆਂ ਆਤਮਾ ਸਿੰਘ ਜਿਉਂਦਾ ਜਾਗਦਾ ਮੇਰੇ ਦਿਮਾਗ਼ ਦੇ ਚਿਤਰ ਪਟ 'ਤੇ ਸਾਕਾਰ ਹੋ ਜਾਂਦਾ ਹੈ। ਬਾਬੇ ਨਾਨਕ ਦੀ ਜਨਮ ਭੂਮੀ ਸ਼ੇਖ਼ੂਪੁਰੇ ਦੇ ਇਲਾਕੇ ਦਾ ਜੰਮਪਲ ਹੈ ਆਤਮਾ ਸਿੰਘ। ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਵਿਚੋਂ ਫਸਟ ਆ ਕੇ ਉਸ ਨੇ ਮੈਟ੍ਰਿਕ ਕੀਤੀ ਅਤੇ ਉਥੇ ਹੀ ਕਲਰਕ ਕਮ ਅਧਿਆਪਕ ਲਗ ਗਿਆ। 1 ਜਨਵਰੀ 1937 ਵਿਚ ਬੀ. ਆਰ. ਅੰਬੇਡਕਰ ਬੰਬਈ ਵਿਚ ਖਾਲਸਾ ਕਾਲਜ ਸਥਾਪਤ ਕਰਨ ਦਾ ਫ਼ੈਸਲਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਨੇ ਇਹ ਜ਼ਿੰਮੇਵਾਰੀ ਗੁਰਦੁਆਰਾ ਨਨਕਾਣਾ ਸਾਹਿਬ ਦੇ ਮੈਨੇਜਰ ਨਰੈਣ ਸਿੰਘ ਅਤੇ ਆਤਮਾ ਸਿੰਘ ਨੂੰ ਸੌਂਪੀ।

15 ਅਗਸਤ 1947 ਨੂੰ ਪਾਕਿਸਤਾਨ ਬਣਨ ਵੇਲੇ ਪੈਂਤੀ ਕੁ ਸਾਲ ਦੇ ਆਤਮਾ ਸਿੰਘ ਉਤੇ ਨਨਕਾਣਾ ਸਾਹਿਬ ਵਿਚ ਪਨਾਹ ਲੈਣ ਲਈ ਜੁੜੇ ਦੋ ਲੱਖ ਦੇ ਕਰੀਬ ਹਿੰਦੂ ਸਿੱਖਾਂ ਨੂੰ ਸੁਰੱਖਿਆ ਦੇਣ ਦੀ ਜ਼ਿੰਮੇਵਾਰੀ ਆ ਪਈ। ਸਾਰੇ ਹੀ ਸ਼ਰਧਨਾਰਥੀਆਂ ਨੂੰ ਸੁਰੱਖਿਅਤ ਹਿੰਦੁਸਤਾਨ ਪਹੁੰਚਾ ਕੇ ਉਹ ਸਤੰਬਰ ਦੇ ਅਧ ਜਿਹੇ ਵਿਚ ਦੇਸ਼ ਪਰਤਿਆ। ਕਪੂਰਥਲੇ ਦੇ ਅਕਾਲੀ ਜੱਥੇ ਦਾ ਉਹ ਸਕੱਤਰ ਬਣਾ ਦਿੱਤਾ ਗਿਆ। ਉਸ ਨੂੰ 1952 ਵਿਚ ਪੈਪਸੂ ਦੀਆਂ ਚੋਣਾਂ ਹੋਈਆਂ ਤਾਂ ਅਕਾਲੀ ਦਲ ਨੇ ਉਸ ਨੂੰ ਸੁਲਤਾਨਪੁਰ ਲੋਧੀ ਤੋਂ ਉਮੀਦਵਾਰ ਥਾਪ ਦਿੱਤਾ। ਉਹ ਜਿੱਤ ਗਿਆ ਪਰ ਮੰਤਰੀ ਨਹੀਂ ਬਣਿਆ।

ਜੇਲ੍ਹ ਤੋਂ ਆਤਮਾ ਸਿੰਘ ਕਦੇ ਨਹੀਂ ਡਰਿਆ। ਪੰਜਾਬ ਜਾਂ ਪੰਜਾਬੀ ਨਾਲ ਧੱਕੇ ਦੀ ਗੱਲ ਹੋਈ, ਹਰਮਿੰਦਰ ਸਾਹਿਬ ਦੀ ਬੇਅਦਬੀ ਜਾਂ ਪੰਜਾਬ ਸੰਕਟ ਦੀ ਹਰ ਸਮੇਂ ਆਤਮਾ ਸਿੰਘ ਅੱਗੇ ਰਿਹਾ। ਪੰਦਰਾਂ ਸਾਲ ਆਜ਼ਾਦ ਭਾਰਤ ਦੀਆਂ ਜੇਲ੍ਹਾਂ ਵਿਚ ਗੁਜ਼ਾਰਨ ਵਾਲੇ ਕਿੰਨੇ ਕੁ ਸਿਆਸਤਦਾਨ ਹਨ? ਆਤਮਾ ਸਿੰਘ ਨੇ ਕਦੇ ਵੀ ਸਿਆਸੀ ਦਲ ਬਦਲੀ ਜਾਂ ਵਜ਼ਾਰਤ ਲਈ ਸੌਦੇਬਾਜ਼ੀ ਨਹੀਂ ਕੀਤੀ।

ਅੰਤ ਵਿਚ ਇਕ ਘਟਨਾ ਸੁਣੋ ਉਸ ਬਾਰੇ। ਮਾਲ ਮੰਤਰੀ ਵਜੋਂ ਉਸ ਨੇ ਐਲਾਨ ਕੀਤਾ ਕਿ ਜੇ ਕੋਈ ਕਰਮਚਾਰੀ ਅਧਿਕਾਰੀ ਰਿਸ਼ਵਤ ਮੰਗੇ ਲਏ ਤਾਂ ਮੈਨੂੰ ਪੱਤਰ ਲਿਖ ਕੇ ਜਾਂ ਮਿਲ ਕੇ ਦੱਸੋ। ਜ਼ਿਲਾ ਹੁਸ਼ਿਆਰਪੁਰ ਦੇ ਕੁਝ ਲੋਕਾਂ ਨੇ ਉਸ ਦੇ ਧਿਆਨ ਵਿਚ ਲਿਆਂਦਾ ਕਿ ਸਾਡਾ ਪਟਵਾਰੀ ਰਿਸ਼ਵਤ ਬਿਨਾਂ ਕੋਈ ਕੰਮ ਨਹੀ ਕਰਦਾ। ਉਹ ਆਪਣੇ ਨਾਲ ਇਕ ਕਿਸਾਨ ਲੈ ਕੇ ਆਏ, ਜਿਸ ਦੀ ਜ਼ਮੀਨ ਦੇ ਇੰਤਕਾਲ ਲਈ ਪਟਵਾਰੀ 700 ਰੁਪਏ ਖਾ ਚੁੱਕਾ ਸੀ ਅਤੇ ਚਾਰ ਸੌ ਹੋਰ ਮੰਗ ਰਿਹਾ ਸੀ। ਉਸ ਨੇ ਇਸ ਬਾਰੇ ਹਲਫੀਆ ਬਿਆਨ ਮੰਗਿਆ ਤਾਂ ਉਨ੍ਹਾਂ ਉਹ ਵੀ ਦੇ ਦਿੱਤਾ।

ਆਤਮਾ ਸਿੰਘ ਦੀ ਹਾਜ਼ਰੀ ਵਿਚ ਹੀ ਉਸ ਨੇ ਜਲੰਧਰ ਡਿਵੀਜ਼ਨ ਦੇ ਕਮਿਸ਼ਨ ਰਾਜਾ ਪ੍ਰੀਤ ਮਹਿੰਦਰ ਸਿੰਘ ਨੂੰ ਟੈਲੀਫੋਨ ਕੀਤਾ ਕਿ ਮੁੱਢਲੀ ਜਾਂਚ ਕਰ ਕੇ ਚੌਵੀ ਘੰਟੇ ਵਿਚ ਰਿਪੋਰਟ ਦੇਵੇ। ਵਫ਼ਦ ਨੂੰ ਉਸ ਕਿਹਾ ਕਿ ਬਾਕੀ ਕਾਰਵਾਈ ਮੈਂ ਮਹਿਲਪੁਰ ਦੇ ਰੈਸਟ ਹਾਊਸ ਵਿਚ ਸਭ ਦੇ ਸਾਹਮਣੇ ਹੀ ਕਰਾਂਗਾ। ਕਮਿਸ਼ਨਰ ਨੇ ਰਿਪੋਰਟ ਦਿੱਤੀ ਕਿ ਡੀ. ਸੀ. ਦੇ ਸਾਹਮਣੇ ਪਟਵਾਰੀ ਨੇ ਰਕਮ ਲੈਣ ਦੀ ਗੱਲ ਕਬੂਲ ਕਰ ਕੇ ਇਹ ਸੰਬੰਧਤ ਕਿਸਾਨ ਨੂੰ ਮੋੜਨਾ ਮੰਨ ਲਿਆ ਹੈ। ਜੋ ਰਕਮ ਕਾਨੂੰਗੋ ਤੇ ਨਾਇਬ ਤਹਿਸੀਲਦਾਰ ਨੂੰ ਪਹੁੰਚ ਗਈ ਹੈ। ਕਮਾਲ ਇਹ ਹੈ ਕਿ ਆਤਮਾ ਸਿੰਘ ਨੇ ਇਹ ਸਾਰਾ ਕੁਝ ਅੰਦਰਖਾਤੇ ਨਾ ਹੋਣ ਦਿੱਤਾ।

ਆਤਮਾ ਸਿੰਘ ਨੇ ਮਾਹਿਲਪੁਰ ਦੇ ਆਸ ਪਾਸ ਦੇ ਪਿੰਡਾਂ ਵਿਚ ਮੁਨਾਦੀ ਕਰਵਾਈ ਕਿ ਚਾਰ ਦਿਨ ਬਾਅਦ ਮਾਹਿਲਪੁਰ ਦੇ ਰੈਸਟ ਹਾਊਸ ਵਿਚ ਮੰਤਰੀ ਦੀ ਹਾਜ਼ਰੀ ਵਿਚ ਪਟਵਾਰੀ ਕਾਨੂੰਗੋ ਤੇ ਤਹਿਸੀਲਦਾਰ ਜ਼ਿਲ੍ਹੇ ਦੇ ਅਫਸਰਾਂ ਸਾਹਮਣੇ ਰਿਸ਼ਵਤ ਦੇ ਪੈਸੇ ਮੋੜਨਗੇ। ਸਾਰੇ ਪਾਸੇ ਰੌਲਾ ਪੈ ਗਿਆ ਇਸ ਕਿਸਮ ਦੇ ਹੁਕਮ ਨਾਲ। ਇਸ ਕਾਰਵਾਈ ਨੂੰ ਗੁਪਤ ਰੱਖਣ, ਮੁਲਤਵੀ ਕਰਨ ਜਾਂ ਹੋਰ ਕਿਸੇ ਤਰੀਕੇ ਨਾਲ ਕਰਨ ਲਈ ਕਈ ਸਿਆਸ,ੀ ਗ਼ੈਰ ਸਿਆਸੀ ਦਬਾਅ ਉਸ 'ਤੇ ਪਾਏ ਗਏ। ਆਤਮਾ ਸਿੰਘ ਆਪਣੀ ਗੱਲ 'ਤੇ ਅੜਿਆ ਰਿਹਾ। ਸਭ ਦੇ ਸਾਹਮਣੇ ਅਫਸਰਾਂ ਤੋਂ ਪੈਸੇ ਮੇਜ਼ 'ਤੇ ਰਖਵਾਏ। ਇਸ ਦੀਆਂ ਖ਼ਬਰਾਂ ਤੇ ਰਿਪੋਰਟਾਂ ਅਖ਼ਬਾਰਾਂ ਵਿਚ ਵੀ ਛਪੀਆਂ। ਉਸ ਦੇ ਇਸ ਨਿੰਹਗਪੁਣੇ ਨਾਲ ਮਾਲ ਮਹਿਕਮੇ ਵਿਚ ਰਿਸ਼ਵਤ ਨੂੰ ਖਾਸੀ ਠੱਲ੍ਹ ਪਈ।

response@punjabi.jagran.com



**ਸ਼ਖ਼ਸੀਅਤ**

**ਵੱਢੀ ਦੇ ਪੈਸੇ ਵਾਪਸ ਮੋੜਨ ਲਈ ਆਤਮਾ ਸਿੰਘ ਨੇ ਪਿੰਡਾਂ 'ਚ ਮੁਨਾਦੀ ਕਰਵਾਈ ਕਿ ਚਾਰ ਦਿਨ ਬਾਅਦ ਮਾਹਿਲਪੁਰ ਦੇ ਰੈਸਟ ਹਾਊਸ ਵਿਚ ਮੰਤਰੀ ਦੀ ਹਾਜ਼ਰੀ ਵਿਚ ਪਟਵਾਰੀ ਕਾਨੂੰਗੋ ਤੇ ਤਹਿਸੀਲਦਾਰ ਜ਼ਿਲ੍ਹੇ ਦੇ ਅਫਸਰਾਂ ਸਾਹਮਣੇ ਰਿਸ਼ਵਤ ਦੇ ਪੈਸੇ ਮੋੜਨਗੇ ਤੇ ਹੋਇਆ ਵੀ ਇੰਝ ਹੀ।**

ਰੁਲਦੀ ਜਵ

## ਨਸ਼ੇ ਬਨਾਮ ਸਿਆਸੀ

ਗੁਰਤੇਜ ਸਿੱਧੂ

ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਜੋ ਕੁਦਰਤ ਦੀਆਂ
ਸੀ ਪਰ ਅਜੋਕੇ ਦੌਰ ਅੰਦਰ ਇਨ੍ਹਾਂ ਨਿਆਮਤਾਂ ਦੀ ਜਰ
ਬਸ਼ਿੰਦਿਆਂ ਨੂੰ ਪਤਾ ਨਹੀਂ ਕਿਹੜੀ ਓਪਰੀ ਨਜ਼ਰ ਲੱਗ
ਧਰਤੀ ਨੂੰ ਨਰਕ ਵਿਚ ਤਬਦੀਲ ਕਰ ਦਿੱਤਾ ਹੈ। ਪੰਜਾ
ਖ਼ੁਰਾਕਾਂ ਖਾਣ ਅਤੇ ਹੱਡ ਭੰਨਵੀਂ ਮਿਹਨਤ ਕਾਰਨ ਸੰਸ
ਨਸ਼ਿਆਂ ਦੀ ਅਲਾਮਤ ਵਿਚ ਵਿਸ਼ਵ ਵਿਚ ਜਾਣੇ ਜਾ
ਹਵਾਵਾਂ ਦਾ ਰੁੱਖ ਬਦਲਣ ਅਤੇ ਦੁਸ਼ਮਣਾਂ ਦੇ ਛੱਕੇ ਛੁ
ਮਸ਼ਹੂਰ ਸੀ ਪਰ ਅੱਜ ਨਸ਼ਿਆਂ ਦੀ ਦਲਦਲ ਵਿਚ ਇ
ਜਿੱਥੋਂ ਨਿਕਲਣਾ ਨਾਮੁਮਕਿਨ ਜਾਪਦਾ ਹੈ।

ਬੇਰੁਜ਼ਗਾਰੀ, ਗ਼ਰੀਬੀ, ਚੁੱਪ ਜਿਹੇ ਅਜਗਰ ਨੌਜ
ਹਨ ਅਤੇ ਇਨ੍ਹਾਂ ਅਜਗਰਾਂ ਤੋਂ ਚੰਦ ਪਲ ਦੇ ਛੁਟਕਾਰੇ
ਨਿਗਲਣਾ ਸ਼ੁਰੂ ਕਰ ਦਿੱਤਾ। ਦੁਨੀਆਂ ਦਾ ਕੋਈ ਕੋਨਾ
ਬਚ ਸਕਿਆ। ਖ਼ੁਦਗਰਜ਼ੀ ਤੇ ਜਲਦੀ ਅਮੀਰ ਬਣਨ
ਨਾਲ ਜਿਉਣ ਤੋਂ ਵਾਂਝਾ ਕੀਤਾ ਹੈ। ਪੰਜਾਬ ਸਰਹੱਦੀ
ਸਪਲਾਈ ਸੌਖੇ ਤਰੀਕੇ ਨਾਲ ਹੋ ਜਾਂਦੀ ਹੈ। ਪੰਜਾਬ ਦ
ਨਸ਼ਿਆਂ ਦੇ ਅੱਡੇ ਨਾ ਹੋਣ, ਸਕੂਲ, ਹਸਪਤਾਲ ਆ
ਲੋਕ ਨਸ਼ਿਆਂ ਦੇ ਬੁਰੀ ਤਰ੍ਹਾਂ ਆਦੀ ਹੋ ਚੁੱਕੇ ਹਨ। ਸ਼
ਨਸ਼ਿਆਂ ਦੀ ਪੰਜਾਬ ਵਿਚ ਭਰਮਾਰ ਆਮ ਹੈ।

ਅਜੋਕੇ ਦੌਰ ਅੰਦਰ ਬੱਸ ਜਾਂ ਰੇਲ ਵਿਚ ਸਫਰ ਕ
ਉਥੇ ਨਸ਼ੇੜੀਆਂ ਨਾਲ ਵਾਹ ਪੈਂਦਾ ਹੈ, ਉਹ ਕਦੇ ਥੁੱ
ਪੀਂਦੇ ਹਨ। ਪੰਜਾਬ ਦਾ ਮਾਲਵਾ ਖੇਤਰ ਪਹਿਲਾਂ ਹੀ
ਹੈ। ਇਸ ਦਾ ਕਾਰਨ ਹੈ ਜ਼ਮੀਨ ਹੇਠਲੇ ਪਾਣੀ ਦਾ ਗੰ
ਤੱਤਾਂ ਦਾ ਰਿਸਾਅ ਹੋ ਚੁੱਕਾ ਹੈ। ਉਸ ਤੋਂ ਵੀ ਜ਼ਿਆ
ਐਚ. ਆਈ. ਵੀ. ਤੇ ਕਾਲੇ ਪੀਲੀਏ ਨੇ ਜੜ੍ਹਾਂ ਪਸਾ
ਸਿਗਰਟ ਲਗਾ ਕੇ ਕਮਜ਼ੋਰਾਂ ਨੂੰ ਧਮਕਾਉਂਦੇ ਹਨ ਅ
ਦਾਦਾਗਿਰੀ ਕਰਦੇ ਹਨ ਪਰ ਉਹ ਇਸ ਗੱਲ ਤੋਂ ਅ
ਸਿਗਰਟ ਦੀ ਆਦਤ ਸਾਲ ਵਿਚ ਉਨ੍ਹਾਂ ਦੀ ਪੰਜ ਮਿ

ਸਿੰਥੈਟਿਕ ਨਸ਼ੇ ਖਾਸ ਕਰ ਕੇ ਟੀਕਿਆਂ ਨੂੰ ਲ
ਸੂਈ ਨੇ ਏਡਜ਼ ਤੇ ਕਾਲਾ ਪੀਲੀਆ ਜਿਹੀਆਂ ਬਿਮ
ਹੈਪੇਟਾਈਟਸ ਬੀ ਦਾ ਇਨਫੈਕਸ਼ਨ 100 ਗੁਣਾ ਵੱ
ਸਰਕਾਰ ਨਸ਼ਿਆਂ ਨੂੰ ਲੈ ਕੇ ਬੀ. ਐਸ. ਐਫ. ਖ਼ਿਲਾ
ਵਧਦੇ ਮੱਕੜਜਾਲ ਤੋਂ ਲੋਕਾਂ ਨੂੰ ਮੁਕਤ ਕਰਵਾਉਣ
ਭਾਰ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਹੁਣ ਅਜਿ
ਜਿਸ ਕਾਰਨ ਸਿਆਸੀ ਨੇਤਾ ਲੋਕਾਂ ਦੀ ਇੰਨੀ ਫਿਕ
ਰਾਜਨੀਤਕ ਪਾਰਟੀਆਂ ਇਸ 'ਤੇ ਸਿਆਸੀ ਰੋਟੀਆ

ਕੌੜਾ ਸੱਚ ਹੈ ਕਿ ਸੂਬੇ ਦੀ ਆਰਥਿਕਤਾ ਦਾ
ਕੀਤਾ ਜਾਂਦਾ ਹੈ। ਸ਼ਰਾਬ ਆਦਿ ਤੋਂ ਹੁੰਦੀ ਕਮਾਈ
ਖਰਚਣ ਦਾ ਬੇਤੁਕਾ ਰਾਗ ਕਈ ਵਾਰ ਸਰਕਾਰ ਨੇ
ਛੁਡਾਊ ਕੇਂਦਰਾਂ ਦੀ ਸਥਾਪਨਾ ਦੂਜੇ ਪਾਸੇ ਪਿੰਡ-
ਨਸ਼ਾ ਛੁਡਾਓ ਕੇਂਦਰਾਂ ਦੀ ਕੰਮਕਾਜੀ ਹਾਲਤ ਵੀ
ਕਮੀ ਤੇ ਸਹੀ ਵੰਡ ਨਾ ਹੋਣੀ ਜਿਸ ਕਰ ਕੇ ਮਰੀਜ਼
ਪੈਂਦਾ ਹੈ। ਨਸ਼ਿਆਂ ਨੂੰ ਚੋਣਾਂ ਦਾ ਮੁੱਦਾ ਨਾ ਬਣਾ
'ਚ ਲੱਗੇ ਲੋਕਾਂ ਖ਼ਿਲਾਫ਼ ਸਖ਼ਤੀ ਕੀਤੀ ਜਾਵੇ, ਖ
ਸਮੱਗਲਰਾਂ ਨੂੰ ਨੱਥ ਪਾਉਣ ਲਈ ਮੁਹਿੰਮ ਵਿੱਢੀ

respo